**ਪੰਜਾਬ ਰਾਜ ਬੀਜ ਨਿਗਮ ਲਿਮਟਿਡ,**

**ਖੇਤੀ ਭਵਨ, ਚੌਥੀ ਮੰਜਿਲ, ਫੇਜ਼-6, ਐੱਸ. ਏ. ਐੱਸ. ਨਗਰ, ਮੋਹਾਲੀ**

**ਟੈਲੀਫੋਨ ਨੰ. 0172-2970592**

ਪੰਜਾਬ ਰਾਜ ਬੀਜ ਨਿਗਮ, ਮੋਹਾਲੀ ਵੱਲੋਂ ਖੇਤਰੀ ਦਫਤਰਾਂ ਲਈ ਇੱਕ ਖੇਤਰੀ ਪ੍ਰਬੰਧਕ ਦੀ ਅਸਾਮੀ ਰੈਗੂਲਰ ਤੌਰ ਤੇ ਭਰਤੀ ਕੀਤੀ ਜਾਣੀ ਹੈ।

| ਲੜੀ ਨੰ. | ਅਸਾਮੀ ਦਾ ਨਾਮ | ਅਸਾਮੀ ਦੀ ਗਿਣਤੀ | ਯੋਗਤਾ | ਉਮਰ 1-1-2025 ਨੂੰ | ਵੇਤਨਮਾਨ |
|---|---|---|---|---|---|
| 1 | ਖੇਤਰੀ ਪ੍ਰਬੰਧਕ | 01 ਇੱਕ | ਐੱਮ. ਐੱਸ. ਸੀ. (ਖੇਤੀਬਾੜੀ) ਦੂਜੇ ਦਰਜੇ ਵਿੱਚ ਪਾਸ ਹੋਣਾ ਚਾਹੀਦਾ ਹੈ। | 18-37 ਸਾਲ ਰਾਖਵੀਂ ਸ਼੍ਰੇਣੀ ਦੇ ਉਮੀਦਵਾਰ ਲਈ ਪੰਜ ਸਾਲ ਦੀ ਉਮਰ ਵਿੱਚ ਛੋਟ। | ਸ਼ੁਰੂਆਤੀ ਤਨਖਾਹ Rs. 67,400/- ਪ੍ਰਤੀ ਮਹੀਨਾ |

ਨੋਟ-

1. ਅਸਾਮੀ ਨਰੋਲ ਮੈਰਿਟ ਦੇ ਅਧਾਰ ਤੇ ਭਰੀ ਜਾਵੇਗੀ। ਇੱਕ ਅਸਾਮੀ ਹੋਣ ਕਾਰਨ ਇਸ ਅਸਾਮੀ ਦਾ ਕੋਈ ਵੀ ਰਾਖਵਾਂਕਰਨ ਨਹੀਂ ਹੋਵੇਗਾ।
2. ਅਸਾਮੀ ਦੀ ਨਿਯੁਕਤੀ ਲਿਖਤੀ ਪੇਪਰ ਵਿੱਚੋਂ ਪ੍ਰਾਪਤ ਕੀਤੇ ਅੰਕ, ਵਿੱਦਿਅਕ ਯੋਗਤਾ ਵਿੱਚ ਪ੍ਰਾਪਤ ਕੀਤੇ ਅੰਕ, ਬੀਜ ਇੰਡਸਟਰੀਜ਼ ਦੇ ਤਜਰਬੇ ਦੇ ਅੰਕ ਅਤੇ ਇੰਟਰਵਿਊ ਵਿੱਚ ਪ੍ਰਾਪਤ ਕੀਤੇ ਅੰਕ ਦੇ ਅਧਾਰ ਤੇ ਕੀਤੀ ਜਾਵੇਗੀ।
3. ਲਿਖਤੀ ਪੇਪਰ 200 ਨੰਬਰ ਦਾ ਬਹੁਚੋਣ (MCQ) ਕਿਸਮ ਅਤੇ OMR ਸ਼ੀਟ ਤੇ ਹੋਵੇਗਾ। ਗਲਤ ਉੱਤਰ ਦੇ ¼ ਅੰਕ ਕੱਟੇ ਜਾਣਗੇ। ਲਿਖਤੀ ਪੇਪਰ General Knowledge, Current Affairs, Logical Reasoning, Mental Ability, knowledge about Agriculture, Seed Production & Storage practices and quantitative aptitude ਦਾ ਹੋਵੇਗਾ ਅਤੇ ਟੈਸਟ ਦੋ ਘੰਟੇ ਦਾ ਅਤੇ ਅੰਗਰੇਜੀ ਭਾਸ਼ਾ ਵਿੱਚ ਹੋਵੇਗਾ। ਲਿਖਤੀ ਪੇਪਰ ਮਿਤੀ 27-3-2025 ਨੂੰ ਹੋਵੇਗਾ। ਪੇਪਰ ਲਈ ਸਥਾਨ ਅਤੇ ਸਮਾਂ ਬਾਅਦ ਵਿੱਚ ਦੱਸਿਆ ਜਾਵੇਗਾ।
4. ਉਮੀਦਵਾਰ ਨੂੰ ਬੀਜ ਇੰਡਸਟਰੀ ਵਿੱਚ ਘੱਟੋਂ-ਘੱਟ 5 ਸਾਲ ਦਾ ਤਜਰਬਾ ਹੋਣਾ ਲਾਜ਼ਮੀ ਹੈ।
5. ਯੋਗ ਉਮੀਦਵਾਰ ਪੰਜਾਬ ਰਾਜ ਬੀਜ ਨਿਗਮ ਖੇਤੀ ਭਵਨ, ਚੌਥੀ ਮੰਜਿਲ, ਫੇਜ਼-6 ਐੱਸ. ਏ. ਐੱਸ. ਨਗਰ ਮੋਹਾਲੀ ਦੇ ਨਾਂ ਤੇ ਅਦਾਇਗੀ ਯੋਗ 1000/- ਰੁਪਏ ਦੀ ਰਕਮ ਦਾ ਬੈਂਕ ਡਰਾਫਟ (250/- ਰੁਪਏ ਰਾਖਵੀਂ ਸ਼੍ਰੇਣੀ ਲਈ) ਬਣਾ ਕੇ ਆਪਣੀ ਅਰਜੀ ਜਿਸ ਵਿੱਚ ਉਮੀਦਵਾਰ ਦਾ ਨਾਂ/ਪਿਤਾ ਦਾ ਨਾਂ/ਪੱਕ ਘਰੇਲੂ ਪਤਾ/ ਪੱਤਰ ਵਿਹਾਰ ਲਈ ਪਤਾ, ਜਨਮ ਮਿਤੀ/ ਵਿੱਦਿਆਕ ਯੋਗਤਾ/ ਦਸਵੀਂ ਜਾਂ ਬਾਰ੍ਹਵੀਂ ਤੱਕ ਪੰਜਾਬੀ ਪਾਸ ਹੋਣ ਦੇ ਸਬੂਤ ਦੇ ਨਾਲ ਪਾਸਪੋਰਟ ਸਾਈਜ਼ ਦੀਆਂ ਫੋਟੋਗ੍ਰਾਫ ਨੱਥੀ ਕਰਦੇ ਹੋਏ, ਉਪਰੋਕਤ ਪਤੇ ਤੇ ਮਿਤੀ 12-03-2025 ਤੱਕ ਭੇਜਣ।
6. ਮਿਤੀ 12-3-2025 ਤੋਂ ਬਾਅਦ ਪ੍ਰਾਪਤ ਹੋਈਆਂ ਅਰਜੀਆਂ ਤੇ ਵਿਚਾਰ ਨਹੀਂ ਕੀਤਾ ਜਾਵੇਗਾ ਅਤੇ ਬਿਨ੍ਹਾਂ ਦੱਸੇ ਰੱਦ ਕਰ ਦਿੱਤੀਆਂ ਜਾਣਗੀਆਂ।
7. ਨਿਯੁਕਤੀ ਕੀਤੇ ਉਮੀਦਵਾਰ ਨੂੰ ਪੰਜਾਬ ਸਰਕਾਰ ਦੇ ਨਿਯਮਾਂ ਅਨੁਸਾਰ ਤਿੰਨ ਸਾਲ ਲਈ ਸ਼ੁਰੂਆਤੀ ਤਨਖਾਹ ਦਿੱਤੀ ਜਾਵੇਗੀ ਅਤੇ ਪ੍ਰੋਬੇਸ਼ਨ ਸਮਾਂ ਪੂਰਾ ਹੋਣ ਉਪਰੰਤ ਬਣਦਾ ਪੇ ਸਕੇਲ ਅਨੁਸਾਰ ਤਨਖਾਹ ਦਿੱਤੀ ਜਾਵੇਗੀ।
   ਵਿਸਤ੍ਰਿਤ ਜਾਣਕਾਰੀ ਲਈ ਲਾਗ – ਇਨ ਕਰੋ :- www.punseed.com , ਫੋਨ ਨੰ. 0172-2970592
8. ਨਿਗਮ ਵੱਲੋਂ ਪ੍ਰਕਾਸ਼ਿਤ ਮਿਤੀ 01-03-2024 ਅਨੁਸਾਰ ਜਿਹਨਾਂ ਉਮੀਦਵਾਰਾਂ ਨੇ ਅਰਜੀਆਂ ਭੇਜੀਆਂ ਹਨ ਉਹਨਾਂ ਨੂੰ ਮੁੜ ਤੋਂ ਅਰਜੀ ਭੇਜਣ ਦੀ ਲੋੜ ਨਹੀਂ ਹੈ, ਉਹਨਾਂ ਤੋਂ ਪ੍ਰਾਪਤ ਪੁਰਾਣੀਆਂ ਅਰਜੀਆਂ ਵਿਚਾਰੀਆਂ ਜਾਣਗੀਆਂ।
9. ਜਾਰੀ ਕੀਤੀ ਗਈ ਖਾਲੀ ਅਸਾਮੀ ਵਿੱਚ ਕਿਸੇ ਵੀ ਸਮੇਂ ਬਿਨ੍ਹਾਂ ਕਿਸੇ ਕਾਰਣ ਦੱਸੇ ਉਸ ਵਿੱਚ ਘਾਟਾ-ਵਾਧਾ ਕੀਤਾ ਜਾ ਸਕਦਾ। ਮੈਨੇਜਿੰਗ ਡਾਇਰੈਕਟਰ ਕੋਲ ਅਧਿਕਾਰ ਹੈ ਕਿ ਉਹ ਇਹ ਭਰਤੀ ਦੀ ਪ੍ਰਕਿਰਿਆ ਨੂੰ ਕਿਸੇ ਵੀ ਸਮੇਂ ਬਿਨ੍ਹਾਂ ਕਿਸੇ ਕਾਰਣ ਦੱਸੇ ਕੋਈ ਵੀ ਤਬਦੀਲੀ/ ਰੱਦ ਕਰ ਸਕਦੇ ਹਨ।

**ਨੋਟ- ਰਿਕਰੂਟਮੈਂਟ ਨੋਟਿਸ ਸਬੰਧੀ ਕੋਈ ਸੋਧ ਸਿਰਫ ਉਪਰੋਕਤ ਵੈੱਬਸਾਈਟ ਤੇ ਹੀ ਦਿੱਤੀ ਜਾਵੇਗੀ।**

-ਸਹੀ-

**ਮੈਨੇਜਿੰਗ ਡਾਇਰੈਕਟਰ**